بِسۡمِ اللّٰہِ الرَّحۡمٰنِ الرَّحِیۡمِ          نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ          وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 31.07.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਸਾਡਾ ਰੱਬ ਕਿੰਨ੍ਹਾ ਸਖ਼ੀ (ਉਦਾਰ) ਹੈ ਕਿ ਉਸ ਨੇ ਸਾਨੂੰ ਦੋ ਦੋ ਈਦਾਂ ਦਿੱਤੀਆਂ ਹਨ**

**ਅਹਮਦੀ ਤਾਂ ਸਭ ਤੋਂ ਵੱਧ ਖ਼ਾਤਮਨੱਬੀਯੀਨ (ਨਬੀਆਂ ਦੇ ਅਖ਼ੀਰਲੇ ਸਥਾਨ) ਦੀ ਧਾਰਣਾ ਰਖੱਦੇ ਹਨ ਅਤੇ ਇਹ ਧਾਰਣਾ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਦਿੱਤੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸ਼ਬਦਾਂ ਵਿੱਚ ਜੋ ਤਾਕਤ ਹੈ ਉਸਦੇ ਨੇੜੇ ਵੀ ਇਹ ਲੋਕ ਫਟਕ ਨਹੀਂ ਸਕਦੇ ।**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 31 ਜੁਲਾਈ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعَالَمِيۡنَ۔ الرَّحۡمٰنِ الرَّحِيۡمِ۔ مَالِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਸਵੇਰੇ ਅਸੀਂ ਈਦ ਦੀ ਨਮਾਜ਼ ਵੀ ਪੜ੍ਹੀ ਹੈ ਅਤੇ ਅੱਜ ਜੁਮਆ ਵੀ ਹੈ, ਜੱਦ ਈਦ ਤੇ ਜੁਮਆ ਇਕ ਦਿਨ ਵਿੱਚ ਇਕੱਠੇ ਹੋ ਜਾਣ ਤਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦਾ ਇਹ ਫ਼ਰਮਾਨ ਮਿਲਦਾ ਹੈ ਕਿ ਜੋ ਲੋਕ ਚਾਹੁਣ ਜੁਮਏ ਦੀ ਬਜਾਏ ਨਮਾਜ਼ ਜ਼ੁਹਰ ਪੜ੍ਹ ਲੈਂਣ ਇਸ ਦੀ ਅਗਿਆ ਹੈ ਪਰ ਨਾਲ ਹੀ ਆਪ ਨੇ ਇਹ ਵੀ ਫ਼ਰਮਾਇਆ ਕਿ ਅਸੀਂ ਤਾਂ ਜੁਮਆ ਪੜ੍ਹਾਂਗੇ । ਆਪ ਸਲਲੱਾਹੁ ਅਲੈਹਿ ਵਸਲਮ ਨੇ ਜੁਮਆ ਪੜ੍ਹਿਆ ਸੀ । ਇਸ ਲਈ ਮੈਂ ਅਮੀਰ ਸਾਹਬ ਨੂੰ ਇਸ ਦੇ ਚਾਨ੍ਹਣੇ ਵਿੱਚ ਇਹੋ ਕਿਹਾ ਸੀ ਕਿ ਜੋ ਜ਼ੁਹਰ ਦੀ ਨਮਾਜ਼ ਪੜ੍ਹਨਾ ਚਾਹੁਣ ਬੇਸ਼ਕ ਜ਼ੁਹਰ ਦੀ ਨਮਾਜ਼ ਜਮਾਤ ਨਾਲ ਪੜ੍ਹ ਲੈਂਣ ਅਤੇ ਜੁਮਆ ਨ ਪੜ੍ਹਨ, ਪਰੰਤੂ ਅਸੀਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਪੈਰ੍ਵੀ ਵਿੱਚ ਅੱਜ ਜੁਮਆ ਪੜ੍ਹ ਰਹੇ ਹਾਂ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਜ਼ਮਾਨੇ ਵਿੱਚ ਇਸ ਪ੍ਰਕਾਰ ਇਕ ਵਾਰ ਈਦੁਜ਼ੁੱਹਾ ਵੀ ਆਈ ਤੇ ਜੁਮਆ ਵੀ, ਵੱਖ ਵੱਖ ਲੋਕਾਂ ਨੇ ਆਪਣੇ ਪੱਖ ਤੇ ਦਲੀਲਾਂ ਪੇਸ਼ ਕੀਤੀਆਂ ਕਿ ਜ਼ੁਹਰ ਦੀ ਨਮਾਜ਼ ਪੜ੍ਹਨੀ ਚਾਹੀਦੀ ਹੈ ਜੁਮਆ ਨਹੀਂ ਹੋਣਾ ਚਾਹੀਦਾ । ਆਪ ਨੇ ਇਸ ਦਾ ਬਹੁਤ ਹੀ ਚੰਗਾ ਉੱਤਰ ਦਿਤੱਾ ਕਿ ਸਾਡਾ ਰੱਬ ਕਿਨ੍ਹਾ ਉਦਾਰ ਹੈ ਕਿ

ਉਸਨੇ ਦੋ ਦੋ ਈਦਾ ਸਾਨੂੰ ਦਿੱਤੀਆਂ ਹਨ । ਹੁਣ ਜਿਸਨੂੰ ਦੋ ਦੋ ਚੁਪੜੀਆਂ ਹੋਈਆਂ ਚਪਾਤੀਆਂ ਮਿਲਣ, ਉਹ ਇਕ ਨੂੰ ਕਿਉਂ ਛੱਡੇ, ਉਹ ਤਾਂ ਦੋਵੇਂ ਲੈ ਲਏਗਾ, ਸਿਵਾਏ ਇਸਦੇ ਕਿ ਕੋਈ ਮਜਬੂਰੀ ਹੋਵੇ । ਇਸੇ ਲਈ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਆਗਿਆ ਦਿੱਤੀ ਹੈ ਕਿ ਜੇਕਰ ਕੋਈ ਮਜਬੂਰੀ ਕਰਕੇ ਨਮਾਜ਼ ਜ਼ੁਹਰ ਪੜ੍ਹ ਲਏ, ਜੁਮਆ ਨ ਪੜ੍ਹੇ ਤਾਂ ਦੂਜਿਆਂ ਨੂੰ ਨਹੀਂ ਚਾਹੀਦਾ ਕਿ ਉਸ'ਤੇ ਮਿਹਣੇ ਕਰਨ । ਕਈ ਲੋਕ ਅਜਿਹੇ ਹਨ ਜਿਹਨਾ ਨੂੰ ਦੋਵੇਂ ਨਮਾਜ਼ਾਂ ਪੜ੍ਹਨ ਦਾ ਸੰਜੋਗ ਪ੍ਰਾਪਤ ਹੋਵੇ ਤਾਂ ਦੂਜਿਆਂ ਨੂੰ ਨਹੀਂ ਚਾਹੀਦਾ ਕਿ ਉਹਨਾ'ਤੇ ਕੋਈ ਇਤਰਾਜ਼ ਕਰਨ ਅਤੇ ਇਹ ਆਖੇ ਕਿ ਇਹਨਾ ਨੇ ਛੁੱਟੀ ਦਾ ਲਾਭ ਨਹੀਂ ਲਿਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਸੀਂ ਜੁਮਆ ਪੜ੍ਹ ਰਹੇ ਹਾਂ ਅੱਜ, ਪਰ ਖ਼ੁਤਬਾ ਸੰਖੇਪ ਜਿਹਾ ਦਿਆਂਗਾ । ਇਸ ਦੇ ਲਈ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੁਝ ਹਵਾਲੇ ਲਏ ਹਨ ਜਿੰਨ੍ਹਾ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੇ ਪ੍ਰਕਟ ਹੋਣ ਦੇ ਮੰਤਵ ਨੂੰ ਵਰਨਣ ਕੀਤਾ ਹੈ । ਆਪਣੀ ਜਮਾਤ ਦੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਾਤਮਨੱਬੀਯੀਨ (ਨਬੀਆਂ ਦੇ ਅਖ਼ੀਰਲੇ ਸਥਾਨ) ਮੰਨ੍ਹਣ ਅਤੇ ਵਾਸਤਵ ਵਿੱਚ ਜੀਉਂਦੇ ਨਬੀ ਹੋਣ ਬਾਰੇ ਵੀ ਬਹੁਤ ਹੀ ਮਆਰਫ਼ਤ ਭਰਿਆ ਫ਼ਰਮਾਨ ਹੈ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਦੇ ਸਥਾਨ ਤੇ ਮਰਤਬੇ ਨੂੰ ਵੀ ਵਰਨਣ ਕੀਤਾ ਹੈ । ਸਾਡੇ ਵਿਰੋਧੀ ਸਾਡੇ'ਤੇ ਇਤਰਾਜ਼ ਕਰਦੇ ਹਨ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨ੍ਹਕੇ (ਨਊਜ਼ ਬਿਲੱਾਹਿ) ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਸਥਾਨ ਤੇ ਮਰਤਬੇ ਨੂੰ ਘੱਟ ਕਰ ਦਿਤੱਾ ਹੈ । ਸਾਡੇ ਵਿਰੋਧੀ ਐਸੰਬਲੀਆਂ ਵਿੱਚ, ਪਾਕਿਸਤਾਨ ਵਿੱਚ ਇਹ ਮਤੇ ਪਾਸ ਕਰਾਕੇ ਬਹੁਤ ਮਾਣ ਕਰ ਰਹੇ ਹਨ ਕਿ ਦੇਖੋ ਅਸੀਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਾਂ ਦੇ ਨਾਲ 'ਖ਼ਾਤਾਮਨੱਬੀਯੀਨ' ਦੇ ਸ਼ਬਦ ਨੂੰ ਲਿਖਣਾ ਲਾਜ਼ਮੀ ਕਰਾਕੇ ਕਿੰਨ੍ਹਾ ਵੱਡਾ ਤੇ ਜ਼ਬਰਦਸਤ ਆਪ ਨਾਲ ਪ੍ਰੇਮ ਦਾ ਅਤੇ ਆਪਦੇ ਸਥਾਨ ਤੇ ਮਰਤਬੇ ਦਾ ਪ੍ਰਗਟਾਵਾ ਕੀਤਾ ਹੈ । ਜੇਕਰ ਉਹਨਾ ਦੇ ਦਿਲ ਵੀ ਵਾਸਤਵ ਵਿੱਚ ਉਹਨਾ ਦੀ ਇਸ ਗੱਲ ਦੀ ਗਵਾਹੀ ਦੇ ਕੇ ਉਹਨਾ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਜੀਵਨ ਸ਼ੈਲੀ ਉਪੱਰ ਅਮਲ ਕਰਨ ਵਾਲਾ ਬਣਾ ਰਹੇ ਹਨ ਤਾਂ ਨਿਸ਼ਚੇ ਹੀ ਇਹ ਬਹੁਤ ਚੰਗੀ ਗੱਲ ਹੈ, ਪਰ ਇਹਨਾ ਦੇ ਕਰਮਾਂ ਨੇ ਤਾਂ ਇਹਨਾ ਨੂੰ ਕੋਹਾਂ ਮੀਲ ਦੂਰ ਕਰ ਦਿਤੱਾ ਹੈ, ਜੋ ਸੀਖ (ਤਾਲੀਮ) ਆਪ ਸਲਲੱਾਹੁ ਅਲੈਹਿ ਵਸਲਮ ਦੇ ਦਿੱਤੀ ਸੀ । ਇਹ ਸਮਝਦੇ ਹਨ ਕਿ ਇਹਨਾ ਨੇ ਸ਼ਬਦ 'ਖ਼ਾਤਾਮਨੱਬੀਯੀਨ' ਨੂੰ ਲਿਖੱਣਾ ਲਾਜ਼ਮੀ ਕਰਕੇ ਬਹੁਤ ਮਹਾਨ ਕਾਰਜ ਕੀਤਾ ਹੈ ਅਤੇ ਅਹਮਦੀਆਂ ਦੇ ਮਾਰਗ ਵਿੱਚ ਕੋਈ ਰੋਕ ਲਾ ਦਿੱਤੀ ਹੈ । ਇਹਨਾ ਅਕਲ ਦੇ ਅੰਨ੍ਹਿਆਂ ਨੂੰ ਇਹ ਨਹੀਂ ਪਤਾ ਕਿ ਅਹਮਦੀ ਤਾਂ ਸਭ ਤੋਂ ਵੱਧ 'ਖ਼ਾਤਾਮਨੱਬੀਯੀਨ' (ਨਬੀਆਂ ਦੇ ਅਖ਼ੀਰਲੇ ਸਥਾਨ) ਦੀ ਧਾਰਣਾ ਰਖੱਦੇ ਹਨ ਅਤੇ ਇਹ ਧਾਰਣਾ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਦਿੱਤੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸ਼ਬਦਾਂ ਵਿੱਚ ਜੋ ਤਾਕਤ ਹੈ ਇਸਦੇ ਨੇੜੇ ਵੀ ਇਹ ਲੋਕ ਫਟਕ ਨਹੀਂ ਸਕਦੇ । ਆਪ ਅਲੈਹਿ ਸਲਾਮ ਦੇ ਇਕ ਇਕ ਪਲ ਅਤੇ ਕਰਮ ਵਿੱਚ ਹਜ਼ਰਤ ਖ਼ਾਤਾਮੁਲ ਅੰਬਿਆ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਮ ਲਈ ਇਸ਼ਕ, ਪ੍ਰੇਮ ਤੇ ਮੁਹਬੱਤ ਦਾ ਪ੍ਰਗਟਾਵਾ ਹੈ ਕਿ ਇਹਨਾ ਲੋਕਾਂ ਦੀਆਂ ਸੋਚਾਂ ਵੀ ਉੱਥੇ ਤੱਕ ਨਹੀਂ ਪਹੁੰਚ ਸਕਦੀਆਂ । ਆਪਣੇ ਪ੍ਰਕਟ ਹੋਣ ਦੇ ਮੰਤਵ ਅਤੇ ਜਮਾਤ ਦੀ ਤਰੱਕੀ ਬਾਰੇ ਆਪ ਵਿਰੋਧੀਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ :

ਮੇਰੇ ਆਉਣ ਦੇ ਦੋ ਮੰਤਵ ਹਨ । ਮੁਸਲਾਮਨਾਂ ਲਈ ਇਹ ਕਿ ਅਸਲ ਤਕਵਾ (ਸੰਜਮਤਾ) ਅਤੇ ਪਵਿਤੱਰਤਾ ਉਪੱਰ ਕਾਇਮ ਹੋ ਜਾਣ । ਉਹ ਅਜਿਹੇ ਸੱਚੇ ਮੁਸਲਮਾਨ ਹੋਣ ਜੋ ਮੁਸਲਮਾਨ ਦੇ ਭਾਵਅਰਥਾਂ ਵਿੱਚ ਰੱਬ ਨੇ ਚਾਹਿਆ ਹੈ, ਕਾਮਲ ਆਗਿਆਕਾਰੀ ਨਾਲ ਰੱਬ ਦੇ ਆਦੇਸ਼ਾਂ ਦੀ ਪੈਰ੍ਹਵੀ ਕਰਨਾ ਅਤੇ ਇਸਾਈਆਂ ਲਈ ਕਸਰੇ ਸਲੀਬ (ਸਲੀਬ ਤੋੜਨ ਵਾਲਾ) ਹੋਵੇ ਅਤੇ ਉਹਨਾ ਦਾ ਬਣਾਉਟੀ ਰੱਬ ਦਿਖਾਈ ਨ ਦੇਵੇ । ਦੁਨੀਆ ਇਸ ਨੂੰ ਉਕੱਾ ਹੀ ਭੁੱਲ ਜਾਵੇ ਅਤੇ ਇੱਕੋ ਇਕ

ਰੱਬ ਦੀ ਇਬਾਦਤ ਹੋਵੇ । ਫ਼ਰਮਾਇਆ : ਜੱਦ ਰੱਬ ਨੇ ਇਸ ਕੰਮ ਨੂੰ ਅਰੰਭ ਕੀਤਾ ਹੈ ਤਾਂ ਉਸਦੇ ਫ਼ਰਿਸ਼ਤੇ ਇਸਦੀ ਰੱਖਿਆ ਕਰਦੇ ਹਨ । ਕੌਣ ਹੈ ਜੋ ਇਸ ਨੂੰ ਰੋਕ ਸਕੇ ? ਚੇਤੇ ਰੱਖੋ ਮੇਰੀ ਜਮਾਤ ਨਿਰੀ ਦੁਕਾਨਦਾਰੀ ਹੈ ਤਾਂ ਇਸ ਦਾ ਨਾਂ ਨਿਸ਼ਾਨ ਵੀ ਮਿੱਟ ਜਾਏਗਾ । ਪਰ ਜੇਕਰ ਰੱਬ ਵੱਲੋਂ ਹੈ ਅਤੇ ਨਿਸ਼ਚੇ ਹੀ ਰੱਬ ਵੱਲੋਂ ਹੈ ਤਾਂ ਸਾਰੀ ਦੁਨੀਆ ਇਸ ਦੀ ਵਿਰੋਧਤਾ ਕਰੇ ਇਹ ਵਧੇਗੀ ਅਤੇ ਫ਼ੈਲੇਗੀ ਅਤੇ ਫ਼ਰਿਸ਼ਤੇ ਇਸਦੀ ਰੱਖਿਆ ਕਰਨਗੇ । ਜੇਕਰ ਇਕ ਵਿਅਕਤੀ ਵੀ ਮੇਰੇ ਨਾਲ ਨ ਹੋਵੇ ਅਤੇ ਕੋਈ ਮਦਦ ਨ ਕਰੇ ਤਾਂ ਵੀ ਮੈਂ ਵਿਸ਼ਵਾਸ਼ ਰਖੱਦਾ ਹਾਂ ਕਿ ਇਹ ਜਾਮਤ ਸਫ਼ਲ ਹੋਵੇਗੀ ।

ਫ਼ਿਰ ਆਪਣੇ ਅਤੇ ਆਪਣੀ ਜਮਾਤ ਦੇ ਕਾਮਲ ਇਮਾਨ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੱਚੀ ਆਗਿਆਕਾਰੀ ਦਾ ਐਲਾਨ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਮੈਂ ਸੱਚ ਕਹਿੰਦਾ ਹਾਂ ਅਤੇ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਮੈਂ ਅਤੇ ਮੇਰੀ ਜਮਾਤ ਮੁਸਲਮਾਨ ਹੈ ਅਤੇ ਉਹ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਅਤੇ ਕੁਰਆਨ ਕਰੀਮ ਉਪੱਰ ਉਸੇ ਪ੍ਰਕਾਰ ਇਮਾਨ ਲਿਆਉਂਦੀ ਹੈ ਜਿਵੇਂ ਇਕ ਸੱਚੇ ਮੁਸਲਮਾਨ ਨੂੰ ਲਿਆਉਂਣਾ ਚਾਹੀਦਾ ਹੈ । ਮੈਂ ਇਕ ਰਤਾ ਵੀ ਇਸਲਾਮ ਤੋਂ ਬਾਹਰ ਪੈਰ੍ਹ ਰਖੱਣ ਵਿੱਚ ਹਲਾਕਤ ਦਾ ਕਾਰਣ ਸਮਝਦਾ ਹਾਂ ਅਤੇ ਮੇਰਾ ਇਹੋ ਧਰਮ ਹੈ ਕਿ ਜਿੰਨ੍ਹੇ ਲਾਭ ਤੇ ਬਰਕਤਾਂ ਕੋਈ ਵਿਅਕਤੀ ਹਾਸਲ ਕਰ ਸਕਦਾ ਹੈ ਅਤੇ ਜਿੰਨ੍ਹੀ ਰੱਬ ਦੀ ਨੇੜਤਾ ਪ੍ਰਾਪਤ ਕਰ ਸਕਦਾ ਹੈ ਉਹ ਕੇਵਲ ਤੇ ਕੇਵਲ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੱਚੀ ਪੈਰ੍ਹਵੀ ਅਤੇ ਕਾਮਲ ਪ੍ਰੇਮ ਨਾਲ ਹੀ ਪ੍ਰਾਪਤ ਕਰ ਸਕਦਾ ਹੈ ਵਰਨਾ ਨਹੀਂ । ਆਪ ਸਲਲੱਾਹੁ ਅਲੈਹਿ ਵਸਲਮ ਤੋਂ ਬਿਨਾ ਹੁਣ ਕੋਈ ਨੇਕੀ ਦਾ ਮਾਰਗ ਨਹੀਂ । ਹਾਂ ਇਹ ਵੀ ਸੱਚ ਹੈ ਕਿ ਮੈਂ ਉਕੱਾ ਹੀ ਵਿਸ਼ਵਾਸ਼ ਨਹੀਂ ਕਰਦਾ ਕਿ ਮਸੀਹ ਅਲੈਹਿ ਸਲਾਮ ਇਸੇ ਸੰਸਾਰਕ ਸ਼ਰੀਰ ਨਾਲ ਜੀਉਂਦੇ ਅਕਾਸ਼ ਉਪੱਰ ਗਏ ਹੋਣ ਅਤੇ ਹੁਣ ਤੱਕ ਜੀਉਂਦੇ ਹੋਣ । ਇਸ ਲਈ ਕਿ ਇਸ ਮਸਲੇ ਨੂੰ ਮੰਨ੍ਹਣ ਨਾਲ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸਖ਼ਤ ਤੌਹੀਨ ਅਤੇ ਬੇਅਦਬੀ ਹੁੰਦੀ ਹੈ । ਮੈਂ ਇਕ ਪੱਲ ਲਈ ਵੀ ਇਹ ਗਵਾਰਾ ਨਹੀ ਕਰ ਸਕਦਾ ...... ਹੁਣ ਜੇਕਰ ਮਸੀਹ ਦੀ ਮੌਤ ਬਾਰੇ ਵਿਸ਼ਵਾਸ਼ ਕਰਨਾ ਜਾਂ ਮੌਤ ਨੂੰ ਉਹਨਾ ਵੱਲ ਮੜ੍ਹਨਾ ਬੇ ਅਦਬੀ ਹੈ ਤਾਂ ਫਿਰ ਮੈਂ ਕਹਿੰਦਾ ਹਾਂ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਬਾਰੇ ਇਹ ਗੁਸਤਾਖ਼ੀ ਤੇ ਬੇਅਦਬੀ ਕਿਵੇਂ ਮੰਨ੍ਹ ਲਈ ਜਾਂਦੀ ਹੈ ? ਮੌਲਵੀ ਭਾਵੇਂ ਕਿੰਨ੍ਹੀ ਹੀ ਸੁਰ ਨਾਲ ਮੌਤ ਦੀਆਂ ਘਟਨਾਵਾਂ ਨੂੰ ਵਰਨਣ ਕਰਦੇ ਹਨ ਅਤੇ ਕੁਫ਼ੱਾਰ ਦੇ ਟਾਕਰੇ'ਤੇ ਵੀ ਤੁਸੀਂ ਬਹੁਤ ਸੁਰ ਨਾਲ ਖਿੜੇ ਮੱਥੇ ਸਵੀਕਾਰ ਕਰ ਲੈਂਦੇ ਹੋ ਕਿ ਆਪ ਨੇ ਮੌਤ ਧਾਰਣ ਕੀਤੀ । ਫਿਰ ਆਪ ਨੇ ਫ਼ਰਮਾਇਆ ਮੈਂ ਨਹੀਂ ਸਮਝਦਾ ਕਿ ਹਜ਼ਰਤ ਈਸਾ ਦੀ ਮੌਤ'ਤੇ ਕੀ ਪਥੱਰ ਪੈਂਦਾ ਹੈ ਕਿ ਅਖੱਾਂ ਲਾਲ ਪੀਲੀਆਂ ਕਰ ਲੈਂਦੇ ਹੋ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਤੁਹਾਨੂੰ ਸਚੱ ਸੱਚ ਕਹਿੰਦਾ ਹਾਂ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਵੁਜੂਦ ਦੀ ਜਿੰਨ੍ਹੀ ਲੋੜ ਦੁਨੀਆ ਅਤੇ ਮੁਸਲਮਾਨਾ ਨੂੰ ਸੀ ਉਂਨ੍ਹੀ ਲੋੜ ਮਸੀਹ ਦੇ ਵੁਜੂਦ ਦੀ ਨਹੀਂ ਸੀ । ਫਿਰ ਆਪਦਾ ਵੁਜੂਦ ਉਹ ਪਵਿਤੱਰ ਵੁਜੂਦ ਹੈ ਕਿ ਜੱਦ ਆਪਨੇ ਵਫ਼ਾਤ ਪਾਈ ਤਾਂ ਸਹਾਬਾ ਦੀ ਇਹ ਹਾਲਤ ਸੀ ਕਿ ਉਹ ਦਿਵਾਨੇ ਹੋ ਗਏ ਇੱਥੋਂ ਤੱਕ ਕਿ ਹਜ਼ਰਤ ਉਮਰ ਦੇ ਮਿਆਨ ਵਿੱਚੋਂ ਤਲਵਾਰ ਕੱਢ ਲਈ ਅਤੇ ਕਿਹਾ ਕਿ ਜੇਕਰ ਕੋਈ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਮੁਰਦਾ ਕਹੇਗਾ ਤਾਂ ਮੈਂ ਉਸਦਾ ਸਿਰ ਅੱਡ ਕਰ ਦਿਆਂਗਾ । ਇਸ ਜੋਸ਼ ਦੀ ਹਾਲਤ ਵਿੱਚ ਹਜ਼ਰਤ ਅਬੂਬਕਰ ਨੇ ਸਾਰਿਆਂ ਨੂੰ ਇਕਠੱਾ ਕੀਤਾ ਅਤੇ ਖ਼ੁਤਾਬ ਪੜ੍ਹਿਆ । ਅਤੇ ਉੱਥੇ ਇਹ ਆਇਤ ਪੜ੍ਹੀ ਕਿ : وَمَا مُحَمَّدٌ إِلَّا رَسُولٌ قَدْ خَلَتْ مِن قَبْلِهِ الرُّسُلُ ਅਰਥਾਤ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਇਕ ਰਸੂਲ ਹਨ ਅਤੇ ਆਪ ਤੋਂ ਪਹਿਲਾਂ ਜਿੰਨ੍ਹੇ ਵੀ ਰਸੂਲ ਆਏ ਹਨ ਉਹਨਾ ਸਾਰਿਆਂ ਦਾ ਦੇਹਾਂਤ ਹੋ ਚੁਕਿਆ ਹੈ । ਅਜਿਹੀ ਹਾਲਤ ਵਿੱਚ ਅਤੇ ਅਵਸਥਾ ਵਿੱਚ ਕਿ ਹਜ਼ਰਤ ਉਮਰ ਜਿਹਾ ਜਲਾਲ ਵਾਲਾ ਸਹਾਬੀ ਇਸ ਜੋਸ਼ ਦੀ ਹਾਲਤ ਵਿੱਚ ਹੋਵੇ, ਉਹਨਾ ਦਾ ਗੁਸੱਾ ਐਵੇਂ ਹੀ ਨਹੀਂ ਦੂਰ ਹੋ ਸਕਦਾ ਸੀ ਸਿਵਾਏ ਇਸਦੇ ਕਿ ਇਹ ਆਇਤ ਉਹਨਾ ਦੀ ਤਸੱਲੀ ਦਾ ਸਬਬ ਹੁੰਦੀ । ਜੇਕਰ ਉਹਨਾ ਨੂੰ ਇਹ ਪਤਾ ਹੁੰਦਾ ਜਾਂ ਇਹ ਵਿਸ਼ਵਾਸ਼ ਹੁੰਦਾ ਕਿ ਹਜ਼ਰਤ ਈਸਾ ਜੀਉਂਦੇ ਹਨ ਤਾਂ ਉਹ ਤਾਂ ਜੀਉਂਦੇ ਹੀ ਮਰ ਜਾਂਦੇ।

ਉਸ ਸਮੇਂ ਸਹਾਬਾ ਮਦੀਨਿ ਦੀਆਂ ਗਲੀਆਂ ਵਿੱਚ ਆਇਤ ਪੜ੍ਹਦੇ ਫਿਰਦੇ ਸਨ ਅਤੇ ਉਹ ਸਮਝਦੇ ਸਨ ਕਿ ਸੰਭਵਤਾ ਇਹ ਆਇਤ ਅੱਜ ਹੀ ਉਤਰੀ ਹੈ । ਇਸ ਪ੍ਰਕਾਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਦੇਹਾਂਤ ਉਪੱਰ ਇਹ ਪਹਿਲਾ ਇਕੱਠ ਸੀ ਜੋ ਦੁਨੀਆ ਵਿੱਚ ਹੋਇਆ ਅਤੇ ਇਸ ਹਜ਼ਰਤ ਮਸੀਹ ਦੇ ਦੇਹਾਂਤ ਦਾ ਵੀ ਪਕੱਾ ਫ਼ੈਸਲਾ ਹੋ ਚੁੱਕਿਆ ਸੀ ।

ਫਿਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਸਥਾਨ ਤੇ ਮਰਤਬੇ ਨੂੰ ਵਰਨਣ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ : ਉਹ ਮਨੁੱਖ ਜੋ ਸਭ ਤੋਂ ਵੱਧ ਕਾਮਲ ਅਤੇ ਕਾਮਲ ਇਨਸਾਨ ਸੀ ਅਤੇ ਕਾਮਲ ਨਬੀ ਸੀ ਅਤੇ ਕਾਮਲ ਬਰਕਤਾਂ ਨਾਲ ਆਇਆ ਸੀ ਜਿਸ ਦੇ ਆਤਮਕ ਪ੍ਰਗਟਾਵੇ ਕਰਕੇ ਦੁਨੀਆ ਦੀ ਪਹਿਲੀ ਕਯਾਮਤ ਪ੍ਰਕਟ ਹੋਈ ਅਤੇ ਇਕ ਮਰਿਆਂ ਹੋਇਆ ਜਹਾਨ ਉਸ ਦੇ ਆਉਣ ਨਾਲ ਮੁੜ੍ਹ ਜੀਉਂਦਾ ਹੋ ਗਿਆ । ਉਹ ਮੁਬਾਰਕ ਨਬੀ ਹਜ਼ਰਤ ਖ਼ਾਤਾਮੁਲ ਅੰਬਿਆ ਇਮਾਮੁਲ ਅਸਫ਼ਿਆ ਖ਼ਤਮੁਲ ਮੁਰਸਿਲੀਨ ਫ਼ਖ਼ਰੁਲ ਨਬੀਯੀਨ ਜਨਾਬੇ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਮ ਹਨ । ਹੇ, ਪਿਆਰੇ ਖ਼ੁਦਾ ! ਇਸ ਪਿਅਰੇ ਨਬੀ ਉਪੱਰ ਉਹ ਰਹਿਮਤਾਂ ਅਤੇ ਦੁਰੂਦ ਭੇਜ ਜੋ ਤੂੰ ਦੁਨੀਆ ਦੇ ਅਰੰਭ ਤੋਂ ਕਿਸੇ'ਤੇ ਨ ਭੇਜਿਆ ਹੋਵੇ । ਜੇਕਰ ਇਹ ਮਹਾਨ ਨਬੀ ਦੁਨੀਆ ਵਿੱਚ ਨ ਆਉਂਦਾ ਤਾਂ ਫਿਰ ਜਿੰਨ੍ਹੇ ਵੀ ਛੋਟੇ ਛੋਟੇ ਨਬੀ ਦੁਨੀਆ ਵਿੱਚ ਆਏ ਜਿਵੇਂ ਕਿ ਯੂਨੁਸ, ਅਯੂਬ, ਮਸੀਹ ਇਬਨੇ ਮਰਯੱਮ, ਮਲਾਕੀ, ਯਹਯਾ ਅਤੇ ਜ਼ਕਰੀਆ ਆਦਿ ਆਦਿ ਇਹਨਾ ਦੀ ਸਚੱਾਈ ਲਈ ਸਾਡੇ ਕੋਲ ਕੋਈ ਦਲੀਲ ਨਹੀਂ ਸੀ । ਭਾਵੇਂ ਇਹ ਸਾਰੇ ਹੀ ਨੇੜ੍ਹਤਾ ਰਖੱਣ ਵਾਲੇ, ਵਜਾਹਤ ਵਾਲੇ ਅਤੇ ਰੱਬ ਦੇ ਪਿਆਰੇ ਸਨ । ਇਹ ਇਸ ਨਬੀ ਦਾ ਉਪਕਾਰ ਹੈ ਕਿ ਇਹ ਲੋਕ ਦੁਨੀਆ ਵਿੱਚ ਸੱਚੇ ਸਮਝੇ ਗਏ ।

ਅਲੱਹ ਤਆਲਾ ਸਾਨੂੰ ਹਮੇਸ਼ਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਸਥਾਨ ਅਤੇ ਮਰਤਬੇ ਦਾ ਹਕੀਕੀ ਧਾਰਣੀ ਬਣਾਉਂਦਿਆਂ ਹੋਇਆਂ ਆਪ ਸਲਲੱਾਹੁ ਅਲੈਹਿ ਵਸਲਮ ਉਪੱਰ ਦੁਰੂਦ ਭੇਜਦੇ ਰਹਿਣ ਦਾ ਸੰਜੋਗ ਪ੍ਰਦਾਨ ਕਰੇ ਅਤੇ ਰੱਬ ਦੀ ਹਜ਼ੂਰੀ ਵਿੱਚ ਪਹਿਲਾਂ ਤੋਂ ਵਧੱਕੇ ਅਸੀਂ ਝੁਕਣ ਵਾਲੇ ਹੋਈਏ ਅਤੇ ਇਹੋ ਤਰੀਕਾ ਹੈ ਜੋ ਅਸੀਂ ਆਪਣੇ ਅਮਲਾਂ ਰਾਹੀਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਪ੍ਰੇਮ ਨੂੰ ਸਾਬਤ ਕਰਾਂਗੇ ਅਤੇ ਆਪਣੇ ਦਿਲਾਂ ਵਿੱਚ ਇਸਨੂੰ ਬਿਠਾਵਾਂਗੇ ਤਾਂ ਹੀ ਅਸੀਂ ਵਿਰੋਧੀਆਂ ਦੀ ਵਿਰੋਧਤਾ ਦਾ ਉਤੱਰ ਦੇ ਸਕਾਂਗੇ । ਅਲੱਾਹ ਤਆਲਾ ਸਾਨੂੰ ਇਸਦੀ ਤੌਫ਼ੀਕ ਪ੍ਰਦਾਨ ਕਰੇ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ أَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللہ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 31.07.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131